B.C.M.SCHOOL,BASANT AVENUE,DUGRI, LUDHIANA

ਜਮਾਤ ਛੇਵੀਂ ਵਿਸ਼ਾ ਪੰਜਾਬੀ

ਪ੍ਰ:-ਰਾਜਾ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਪ੍ਰ:-ਪਰਜਾ ਕਿਹੋ ਜਿਹੇ ਰਾਜੇ ਤੋਂ ਖੁਸ਼ ਰਹਿੰਦੀ ਹੈ?

ਪ੍ਰ:-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਕਦੋਂ ਸਾਜਿਆ?

ਪ੍ਰ:-ਮਾਧੋ ਦਾਸ ਵੈਰਾਗੀ ਨੂੰ ਬੰਦਾ ਬਹਾਦਰ ਦਾ ਨਾਮ ਕਿਸ ਨੇ ਦਿੱਤਾ?

ਪ੍ਰ:- ਖਾਲਸੇ ਦਾ ਕੀ ਅਰਥ ਹੁੰਦਾ ਹੈ?

ਪ੍ਰ:- ਗੁਰੂ ਤੇਗ ਬਹਾਦਰ ਜੀ ਕੌਣ ਸਨ?

ਪ੍ਰ:-ਆਉਣ ਵਾਲਾ ਸਮਾਂ ਕੀ ਅਖਵਾਉਂਦਾ ਹੈ?

ਪ੍ਰ:-ਮਾਧੋ ਦਾਸ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਜੀ ਨਾਲ ਕਦੋਂ ਹੋਈ?

ਪ੍ਰ:-'ਨਿਮਰਤਾ' ਦਾ ਵਿਰੋਧੀ ਸ਼ਬਦ ਦੱਸੋ?

ਪ੍ਰ:-'ਰਹਿਮ' ਦਾ ਸਮਾਨਾਰਥਕ ਸ਼ਬਦ ਦੱਸੋ?

ਪ੍ਰ:-'ਚੇਲੇ' ਦਾ ਸਮਾਨਾਰਥਕ ਸ਼ਬਦ ਦੱਸੋ?

ਪ੍ਰ:-ਬੰਦਾ ਸਿੰਘ ਬਹਾਦਰ ਨੂੰ ਕਿਸ ਮੁਗਲ ਬਾਦਸ਼ਾਹ ਨੇ ਮਾਰਿਆ?

ਪ੍ਰ:-ਸੇਠ ਵੀ ਉਸ ਰਾਜੇ ਤੋਂ ਬਹੁਤ ਦੁਖੀ ਸੀ।(ਲਿੰਗ ਬਦਲੋ)

ਪ੍ਰ:-ਹਿਰਨ ਉਸ ਵੇਲੇ ਗਰਭਵਤੀ ਸੀ।(ਵਚਨ ਬਦਲੋ)

ਹੇਠਾਂ ਦਿੱਤੇ ਪੈਰ੍ਹੇ ਨੂੰ ਪੜ੍ਹੋ ਤੇ ਪ੍ਰਸ਼ਨਾਂ ਦੇ ਉੱਤਰ ਦਿਓ:-

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਪੂਰਾ ਨਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੀ। ਜਦੋਂ ਉਨ੍ਹਾਂ ਦਾ ਜਨਮ ਹੋਇਆ, ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ। ਗਾਂਧੀ ਜੀ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਦੇਸ਼ ਦੀ ਅਗਵਾਈ ਕੀਤੀ। ਗਾਂਧੀ ਜੀ ਦਾ ਜਨਮ 2 ਅਕਤੂਬਰ, 1869 ਈ: ਨੂੰ ਗੁਜਰਾਤ ਦੇ ਪੋਰਬੰਦਰ ਵਿੱਚ ਹੋਇਆ। ਉਹਨਾਂ ਦੇ ਮਨ ਵਿੱਚ ਕਿਸੇ ਧਰਮ ਬਾਰੇ, ਕਿਸੇ ਜਾਤ ਬਾਰੇ ਕੋਈ ਬੁਰੀ ਭਾਵਨਾ ਨਹੀਂ ਸੀ। ਸਾਰਾ ਦੇਸ਼ ਅੱਜ ਵੀ ਉਹਨਾਂ ਨੂੰ ਬਾਪੂ ਦੇ ਨਾਂ ਨਾਲ ਯਾਦ ਕਰਦਾ ਹੈ।

ੳ) ਮਹਾਤਮਾ ਗਾਂਧੀ ਦਾ ਜਨਮ ਕਿੱਥੇ ਹੋਇਆ ?

ਅ) ਮਹਾਤਮਾ ਗਾਂਧੀ ਦਾ ਪੂਰਾ ਨਾਂ ਕੀ ਸੀ ?

ੲ) ਮਹਾਤਮਾ ਗਾਂਧੀ ਜੀ ਦਾ ਜਨਮ ਕਿਹੜੇ ਸੰਨ ਵਿੱਚ ਹੋਇਆ ?

ਸ) ਮਹਾਤਮਾ ਗਾਂਧੀ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

ਹ) ਮਹਾਤਮਾ ਗਾਂਧੀ ਦੇ ਜਨਮ ਸਮੇਂ ਭਾਰਤ ਕਿਸ ਦਾ ਗੁਲਾਮ ਸੀ ?